بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 26.06.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬਾ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹ ਅਨਹੁ ਅਤੇ ਸਅਦ ਬਿਨ ਮਆਜ਼ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਤੇ ਸ਼ਰਧਾ ਵਿੱਚ ਵਾਧਾ ਕਰਨ ਵਾਲਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 26 ਜੂਨ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطن الرجيم۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعَالَمِيۡنَ۔ الرَّحۡمٰنِ الرَّحِيۡمِ۔ مَالِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਯਾਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਪਿਛੱਲੇ ਖ਼ੁਤਬੇ ਵਿੱਚ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਦਾ ਜ਼ਿਕਰ ਕੀਤਾ ਗਿਆ ਸੀ ਅਤੇ ਕੁਝ ਭਾਗ ਬਾਕੀ ਰਹਿੰਦਾ ਸੀ ਜੋ ਅੱਜ ਬਿਆਨ ਕਰਾਂਗਾ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਦੀ ਉਦਾਰਤਾ (ਦਰਿਆ ਦਿਲੀ) ਪ੍ਰਸਿਧ ਸੀ ਅਤੇ ਮਾਲੀ ਕੁਰਬਾਨੀ ਵੀ ਉਹਨਾ ਨੇ ਬਹੁਤ ਕੀਤੀਆਂ । ਇਕ ਰਿਵਾਇਤ ਵਿੱਚ ਹੈ ਕਿ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੇ ਵਸੀਯੱਤ ਕੀਤੀ ਸੀ ਕਿ ਬਦਰ ਦੀ ਜੰਗ ਵਿੱਚ ਭਾਗ ਲੈਂਣ ਵਾਲੇ ਹਰ ਇਕ ਨੂੰ ਚਾਰ ਸੌ ਦੀਨਾਰ ਉਹਨਾ ਦੇ ਤਰਕੇ ਵਿੱਚੋਂ ਦਿੱਤੇ ਜਾਣਗੇ । ਸੋ, ਇਸ'ਤੇ ਅਮਲ ਕੀਤਾ ਗਿਆ । ਇਸ ਸਮੇਂ ਇਹਨਾ ਸਹਾਬਾ ਦੀ ਗਿਣਤੀ ਸੌ ਸੀ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਜੱਦ ਸਹਾਬਾ ਕਰਾਮ ਨੂੰ ਤਬੂਕ ਦੀ ਜੰਗ ਦੀ ਤਿਆਰੀ ਲਈ ਹੁਕਮ ਦਿਤੱਾ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਨੇ ਧਨਵਾਨਾ ਨੂੰ ਰੱਬ ਦੇ ਮਾਰਗ ਵਿੱਚ ਮਾਲ ਤੇ ਸਵਾਰੀ ਉਪਲਭਦ ਕਰਾਉਣ ਦੀ ਤਹਿਰੀਕ ਕੀਤੀ । ਇਸ'ਤੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੇ ਇਕ ਸੌ ਓਕੀਆ ਦਿੱਤੇ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਉਸਮਾਨ ਬਿਨ ਅਫ਼ਾਨ ਅਤੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਧਰਤੀ ਉਪੱਰ ਰੱਬ ਦੇ ਖ਼ਜ਼ਾਨਿਆਂ ਵਿੱਚੋਂ ਦੋ ਖ਼ਜ਼ਾਨੇ ਹਨ ਜੋ ਰੱਬ ਦੀ ਰਜ਼ਾ ਲਈ ਖ਼ਰਚ ਕਰਦੇ ਹਨ ।

ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੇ ਹਜ਼ਰਤ ਉਸਮਾਨ ਤੋਂ ਇਕ ਜ਼ਮੀਨ ਚਾਲ੍ਹੀ ਹਜ਼ਾਰ ਦੀਨਾਰ ਦੇ ਬਦਲੇ ਖ਼ਰੀਦੀ ਅਤੇ ਬਨੂ ਜ਼ੁਹਰਾ ਦੇ ਗ਼ਰੀਬਾਂ ਅਤੇ ਲੋੜਵੰਦਾਂ ਅਤੇ ਉਮੱਾਹਾਤੁਲ ਮੋਮਿਨੀਨ ਵਿੱਚ ਵੰਡ ਦਿੱਤੀ । ਮਸੂਰ ਬਿਨ

ਮਖ਼ਜ਼ਮਾ ਕਹਿੰਦੇ ਹਨ ਕਿ ਜੱਦ ਮੈਂ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੂੰ ਇਸ ਜ਼ਮੀਨ ਵਿੱਚੋਂ ਉਹਨਾ ਦਾ ਹਿਸੱਾ ਦਿਤੱਾ ਤਾਂ ਹਜ਼ਰਤ ਆਇਸ਼ਾ ਨੇ ਪੁੱਛਿਆ ਕਿ ਇਹ ਕਿਸ ਨੇ ਭੇਜਿਆ ਹੈ । ਮੈਂ ਕਿਹਾ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੇ । ਤਾਂ ਹਜ਼ਰਤ ਆਇਸ਼ਾ ਨੇ ਫ਼ਰਮਾਇਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੈ ਕਿ ਮੇਰੇ ਬਾਦ ਤੁਹਾਡੇ ਨਾਲ ਚੰਗਾ ਸੁਲੂਕ ਉਹੋ ਕਰੇਗਾ ਜੋ ਆਤਿਅੰਤ ਦਰਜੇ ਦਾ ਸਬਰ ਕਰਨ ਵਾਲਾ ਹੋਵੇਗਾ । ਫਿਰ ਆਪ ਨੇ ਦੁਆ ਦਿੱਤੀ ਕਿ ਹੇ ਅਲੱਾਹ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੂੰ ਸਵਰਗ ਦੇ ਸੋਮੇ ਸਲਸਬੀਲ ਦਾ ਸ਼ਰਬਤ ਪਿਲਾ ।

ਇਕ ਵਾਰ ਮਦੀਨੇ ਵਿੱਚ ਖਾਣ ਵਾਲੀਆਂ ਚੀਜ਼ਾਂ ਦਾ ਕਾਲ ਸੀ । ਇਸੇ ਕਾਲ ਵਿੱਚ ਸ਼ਾਮ ਦੇਸ਼ ਤੋਂ ਸੱਤ ਸੌ ਊਠਾਂ ਉਪੱਰ ਅਧਾਰਤ ਕਣਕ ਦੇ ਆਟੇ ਅਤੇ ਖਾਣ ਵਾਲੀਆਂ ਚੀਜ਼ਾਂ ਦਾ ਜਥੱਾ ਮਦੀਨੇ ਆਇਆ ਜਿਸ ਨਾਲ ਮਦੀਨੇ ਵਿੱਚ ਹਰ ਪਾਸੇ ਰੌਲਾ ਪੈ ਗਿਆ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੇ ਪੁੱਛਿਆ ਇਹ ਰੌਲ੍ਹਾ ਕਿਹੋ ਜਿਹਾ ਹੈ । ਬਿਨਤੀ ਕੀਤੀ ਕਿ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਦਾ ਸੱਤ ਸੌ ਊਠਾਂ ਦਾ ਜਥੱਾ ਆਇਆ ਹੈ । ਉਮੁੱਲ ਮੋਮਿਨੀਨ ਹਜ਼ਰਤ ਆਇਸ਼ਾ ਰਜ਼ੀ ਅਲੱਹ ਅਨਹਾ ਨੇ ਫ਼ਰਮਾਇਆ ਕਿ ਮੈਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਤੋਂ ਸੁਣਿਆ ਹੈ ਕਿ ਆਪ ਫ਼ਰਮਾਉਂਦੇ ਸਨ ਕਿ ਅਬਦੁਰ ਰਹਮਾਨ ਸਵਰਗ ਵਿੱਚ ਗੋਡਿਆਂ ਭਾਰ ਦਾਖ਼ਲ ਹੋਵੇਗਾ । ਉਮੁੱਲ ਮੋਮਿਨੀਨ ਹਜ਼ਰਤ ਆਇਸ਼ਾ ਰਜ਼ੀ ਅਲੱਹ ਅਨਹਾ ਦੀ ਇਹ ਰਿਵਾਇਤ ਜੱਦ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਹ ਅਨਹੁ ਨੂੰ ਪਹੁੰਚੀ ਤਾਂ ਆਪ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਕਿਹਾ ਕਿ ਹੇ ਮਾਂ ! ਮੈਂ ਆਪ ਨੂੰ ਗਵਾਹ ਠਹਿਰਾਉਂਦਾ ਹਾਂ ਕਿ ਇਹ ਸਾਰਾ ਗਲੱਾ (ਅਨਾਜ) ਅਤੇ ਖਾਣ ਵਾਲੀਆਂ ਚੀਜ਼ਾਂ ਅਤੇ ਇਸ ਸਾਰਾ ਬਾਰਦਾਨਾ ਅਤੇ ਊਠਾਂ ਦੇ ਪਾਲਾਨ ਤੱਕ ਮੈਂ ਰੱਬ ਦੇ ਮਾਰਗ ਵਿੱਚ ਦੇ ਦਿੱਤੇ ਤਾਂ ਜੋ ਮੈਂ ਰਲਕੇ ਸਵਰਗ ਵਿੱਚ ਜਾਵਾਂ । ਇਕ ਵਾਰ ਉਹਨਾ ਨੇ ਇਕ ਦਿਨ ਵਿੱਚ ਤੀਹ ਗੁਲਾਮ ਅਜ਼ਾਦ ਕੀਤੇ ।

ਇਕ ਵਾਰ ਉਹਨਾ ਨੇ ਆਪਣਾ ਅਧੱਾ ਮਾਲ ਜੋ ਚਾਰ ਹਜ਼ਾਰ ਦਿਰਹਮ ਸੀ ਰੱਬ ਦੇ ਮਾਰਗ ਵਿੱਚ ਦੇ ਦਿੱਤੇ । ਫਿਰ ਇਕ ਵਾਰ ਚਾਲ੍ਹੀ ਹਜ਼ਾਰ ਦਿਰਹਮ, ਫਿਰ ਇਕ ਵਾਰ ਚਾਲ੍ਹੀ ਹਜ਼ਾਰ ਦੀਨਾਰ ਰੱਬ ਦੇ ਮਾਰਗ ਵਿੱਚ ਦਾਨ ਕੀਤਾ । ਫਿਰ ਇਕ ਵਾਰ ਪੰਜ ਸੌ ਘੋੜੇ ਰੱਬ ਦੇ ਮਾਰਗ ਵਿੱਚ ਦਿੱਤੇ । ਫਿਰ ਦੂਜੀ ਵਾਰ ਪੰਜ ਸੌ ਊਠ ਰੱਬ ਦੇ ਮਾਰਗ ਵਿੱਚ ਦਿੱਤੇ । ਉਹਨਾ ਦੇ ਬੇਟੇ ਅਬੂ ਸਲਮਾ ਰਿਵਾਇਤ ਕਰਦੇ ਹਨ ਕਿ ਸਾਡੇ ਪਿਤਾ ਨੇ ਉਮੱਾਹਾਤੁਲ ਮੋਮਿਨੀਨ ਦੇ ਹੱਕ ਵਿੱਚ ਇਕ ਬਗੀਚੇ ਦੀ ਵਸੀਯੱਤ ਕੀਤੀ । ਇਸ ਬਗੀਚੇ ਦਾ ਮੁੱਲ ਚਾਰ ਲੱਖ ਦਿਰਹਮ ਸੀ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੇ ਰੱਬ ਦੇ ਮਾਰਗ ਵਿੱਚ ਦੇਣ ਲਈ ਪੰਜਾਹ ਹਜ਼ਾਰ ਦੀਨਾਰ ਦੀ ਵਸੀਯੱਤ ਕੀਕੀ ਸੀ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਦਾ ਦੇਹਾਂਤ ਇਕੱਤੀ ਜਾਂ ਬੱਤੀ ਹਿਜਰੀ ਵਿੱਚ ਹੋਇਆ । ਬਹਤੱਰ (72) ਸਾਲ ਜੀਉਂਦਾ ਰਹੇ ਕਈਆਂ ਅਨੁਸਾਰ ਅਠਤੱਰ (78) ਸਾਲ ਅਤੇ ਜਨੱਾਤੁਲ ਬਕੀ ਵਿੱਚ ਦਫ਼ਨ ਹੋਏ । ਹਜ਼ਰਤ ਉਸਾਮਨ ਨੇ ਇਹਨਾ ਦੀ ਨਮਾਜ਼ ਜਨਾਜ਼ਾਹ ਪੜ੍ਹਾਈ ।

ਅਗ਼ਲਾ ਜ਼ਿਕਰ ਹਜ਼ਰਤ ਸਅਦ ਬਿਨ ਮਆਜ਼ ਰਜ਼ੀ ਅਲੱਾਹ ਅਨਹੁ ਦਾ ਹੈ ਇਹਨਾ ਦਾ ਸੰਬੰਧ ਅੰਸਾਰ ਦੇ ਕਬੀਲੇ ਓਸ ਦੀ ਸ਼ਾਖ਼ਾ ਬਨੂ ਅਬਦੁਲ ਅਸ਼ਹਲ ਨਾਲ ਸੀ ਅਤੇ ਆਪ ਕਬੀਲਾ ਓਸ ਦੇ ਸਰਦਾਰ ਸਨ । ਹਜ਼ਰਤ ਸਅਦ ਬਿਨ ਮਆਜ਼ ਨੇ ਹਜ਼ਰਤ ਮਸਅਬ ਬਿਨ ਉਮੈਰ ਦੇ ਹੱਥ'ਤੇ ਇਸਲਾਮ ਕੁਬੂਲ ਕੀਤਾ । ਹਜ਼ਰਤ ਮਸਅਬ ਬੈਤੇ ਅਕਬਾ ਸਾਨੀਆ ਤੋਂ ਪਹਿਲਾਂ ਮਦੀਨੇ ਆ ਗਏ ਸਨ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਫ਼ਰਮਾਨ ਅਨੁਸਾਰ ਲੋਕਾਂ ਨੂੰ ਇਸਲਾਮ ਵੱਲ ਬੁਲਾਉਂਦੇ ਸਨ ਅਤੇ ਉਹਨਾ ਨੂੰ ਕੁਰਆਨ ਕਰੀਮ ਪੜ੍ਹਕੇ ਸੁਣਾਉਂਦੇ ਸਨ । ਜੱਦ ਹਜ਼ਰਤ ਸਅਦ ਬਿਨ ਮਆਜ਼ ਨੇ ਇਸਲਾਮ ਕੁਬੂਲ ਕੀਤਾ ਤਾਂ ਬਨੂ ਅਬਦੁਲ ਅਸ਼ਹਲ ਨੂੰ ਕਿਹਾ ਕਿ ਮੇਰੇ'ਤੇ ਹਰਾਮ ਹੈ ਕਿ ਮੈਂ ਤੁਹਾਡੇ ਪੁਰੁਸ਼ਾਂ ਤੇ ਇਸਤਰੀਆਂ ਨਾਲ ਕਲਾਮ ਕਰਾਂ ਇੱਥੋਂ ਤੱਕ ਕਿ ਤੁਸੀਂ ਇਸਲਾਮ ਕੁਬੂਲ ਕਰ ਲਓ । ਇਸ ਦੇ ਬਾਦ ਸਅਦ ਨੇ ਆਪਣੇ ਕਬੀਲੇ ਵਾਲਿਆਂ ਨੂੰ ਇਸਲਾਮ ਦੇ ਉਸੂਲ ਸਮਝਾਏ ਅਤੇ ਕਹਿੰਦੇ ਹਨ ਕਿ ਹੁਣੇ ਸ਼ਾਮ ਨਹੀਂ ਹੋਈ ਸੀ ਕਿ ਸਾਰਾ ਕਬੀਲਾ

ਮੁਸਲਮਾਨ ਹੋ ਗਿਆ ਅਤੇ ਫਿਰ ਸਅਦ ਬਿਨ ਮਆਜ਼ ਅਤੇ ਉਸੈਦ ਬਿਨ ਹਜ਼ੀਰ ਨੇ ਆਪ ਆਪਣੇ ਹੱਥੀ ਆਪਣੀ ਕੌਮ ਦੇ ਬੁੱਤ ਕਢੱਕੇ ਤੋੜੇ ।

ਸਅਦ ਬਿਨ ਮਆਜ਼ ਅਤੇ ਉਸੈਦ ਬਿਨ ਹਜ਼ੀਰ ਦੋਵੇਂ ਹੀ ਚੋਟੀ ਦੇ ਸਹਾਬਾ ਵਿੱਚ ਗਿਣੇ ਜਾਂਦੇ ਹਨ ਅਤੇ ਅੰਸਾਰ ਵਿੱਚ ਤਾਂ ਨਿਰਸੰਦੇਹ ਇਹਨਾ ਦਾ ਬਹੁਤ ਹੀ ਬੁਲੰਦ ਅਸਥਾਨ ਸੀ । ਇਹ ਨੌਜੁਆਨ ਅਤਿਅੰਤ ਨੇਕ, ਵਫ਼ਾਦਾਰ ਅਤੇ ਇਸਲਾਮ ਤੇ ਇਸਲਾਮ ਦੇ ਬਾਨੀ ਦਾ ਜਾਂਨਿਛਾਵਰ ਅਸ਼ਿਕ ਨਿਕਲਿਆ । ਇਸ ਦੀ ਜੁਆਨੀ ਦੀ ਮੌਤ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦਾ ਇਹ ਫ਼ਰਮਾਨ ਕਿ ਸਅਦ ਦੀ ਮੌਤ'ਤੇ ਤਾਂ ਰਹਿਮਾਨ ਦਾ ਅਰਸ਼ ਵੀ ਹਰਕਤ ਵਿੱਚ ਆ ਗਿਆ । ਇਕ ਡੂੰਘੀ ਸਚਾਈ'ਤੇ ਅਧਾਰਤ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਮਦੀਨੇ ਆਏ ਬਹੁਤਾ ਸਮਾਂ ਨਹੀਂ ਲੰਘਿਆ ਸੀ ਕਿ ਮੱਕੇ ਦੇ ਕੁਰੈਸ਼ ਵੱਲੋਂ ਅਬਦੁਲੱਾਹ ਬਿਨ ਅਬੀ ਬਿਨ ਸਲੂਲ ਰਈਸ ਅਤੇ ਉਸ ਦੇ ਮੁਸ਼ਰਿਕ ਸਾਥੀਆਂ ਦੇ ਨਾਂ ਇਕ ਬੰਦ ਪਤੱਰ ਆਇਆ ਕਿ ਤੁਸੀਂ ਲੋਕ ਮੁਹਮੱਦ (ਸਲਲੱਾਹੁ ਅਲੈਹਿ ਵਸਲਮ) ਦੀ ਪਨਾਹ ਤੋਂ ਅੱਡ ਹੋ ਜਾਓ ਵਰਨਾ ਤੁਹਾਡੀ ਖ਼ੈਰ ਨਹੀਂ ਹੈ । ਜੱਦ ਮਦੀਨੇ ਇਹ ਪਤੱਰ ਪਹੁੰਚਿਆ ਤਾਂ ਇਹ ਲੋਕ ਜੋ ਪਹਿਲਾਂ ਹੀ ਮਨ ਵਿੱਚ ਇਸਲਾਮ ਦੇ ਸਖ਼ਤ ਦੁਸਮਣ ਹੋ ਰਹੇ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨਾ ਜੰਗ ਕਰਨ ਲਈ ਤਿਆਰ ਹੋ ਗਏ । ਪਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸਮਝਾਉਣ'ਤੇ ਉਹ ਇਸ ਇਰਾਦੇ ਤੋਂ ਬਾਜ਼ ਆ ਗਏ । ਜੱਦ ਮੱਕੇ ਦੇ ਕੁਰੈਸ਼ ਨੂੰ ਇਸ ਵਿਉਂਤ ਵਿੱਚ ਅਸਫ਼ਲਤਾ ਹੋਈ ਤਾਂ ਉਹਨਾਂ ਨੇ ਕੁਝ ਸਮੇਂ ਬਾਦ ਇਸੇ ਪ੍ਰਕਾਰ ਦਾ ਇਕ ਪਤੱਰ ਮਦੀਨੇ ਦੇ ਯਹੂਦੀਆਂ ਦੇ ਨਾਂ ਵੀ ਭੇਜਿਆ । ਮੱਕੇ ਦੇ ਕੁਰੈਸ਼ ਦਾ ਇਹ ਪਤੱਰ ਕਿਸੇ ਅਸਥਾਈ ਜੋਸ਼ ਦਾ ਸਿਟੱਾ ਨਹੀਂ ਸੀ ਸਗੋਂ ਪੱਕੇ ਤੌਰ'ਤੇ ਇਸ ਗੱਲ ਦਾ ਨਿਸ਼ਚਾ ਕਰ ਚੁਕੇ ਸਨ ਕਿ ਮੁਸਲਮਾਨਾ ਨੂੰ ਚੈਨ ਨਹੀਂ ਲੈਂਣ ਦੇਣਾ ਅਤੇ ਇਸਲਾਮ ਨੂੰ ਦੁਨੀਆਂ'ਚੋਂ ਮਿਟਾਕੇ ਛਡੱਣਗੇ ।

ਸੋ, ਇਕ ਅਜਿਹੀ ਹੀ ਘਟਨਾ ਹੈ ਜੋ ਮੱਕੇ ਦੇ ਕੁਫ਼ੱਾਰਾਂ ਦੇ ਖ਼ੂਨੀ ਨਿਸ਼ਚੇ ਦਾ ਪਤਾ ਦਿੰਦਾ ਹੈ । ਉਹ ਘਟਨਾ ਇਸ ਪ੍ਰਕਾਰ ਹੈ ਕਿ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਮਦੀਨੇ ਦੇ ਇਕ ਰਈਸ ਸਅਦ ਬਿਨ ਮਆਜ਼ ਜੋ ਓਸ ਕਬੀਲੇ ਦੇ ਸਰਦਾਰ ਸਨ । ਬੈਤੁਲੱਾਹ ਦਾ ਤਵਾਫ਼ (ਪ੍ਰਕ੍ਰਿਮਾ) ਕਰਨ ਲਈ ਮੱਕੇ ਗਏ ਤਾਂ ਅਬੂਜਹਿਲ ਨੇ ਉਹਨਾ ਨੂੰ ਦੇਖਕੇ ਬਹੁਤ ਗੁੱਸੇ ਨਾਲ ਕਿਹਾ, ਕੀ ਤੁਸੀਂ ਲੋਕ ਇਹ ਵਿਚਾਰ ਕਰਦੇ ਹੋ ਕਿ ਇਸ ਮੁਰਤਦ (ਫਿਰੇ ਹੋਏ) ਮੁਹਮੱਦ (ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ) ਨੂੰ ਪਨਾਹ ਦੇਣ ਦੇ ਬਾਦ ਤੁਸੀਂ ਲੋਕ ਅਮਨ ਨਾਲ ਕਾਬੇ ਦਾ ਤਵਾਫ਼ ਕਰ ਸਕੋਗੇ ਅਤੇ ਤੁਸੀਂ ਇਹ ਗੁਮਾਨ ਕਰਦੇ ਹੋ ਕਿ ਉਸ ਦੀ ਸੁਰੱਖਿਆ ਤੇ ਮਦਦ ਦੀ ਤਾਕਤ ਰਖੱਦੇ ਹੋ । ਰੱਬ ਦੀ ਸਹੁੰ ਜੇਕਰ ਇਸ ਸਮੇਂ ਤੇਰੇ ਨਾਲ ਅਬੂਸਫ਼ਵਾਨ ਨ ਹੁੰਦਾ ਤਾਂ ਤੂੰ ਆਪਣੇ ਘਰ ਵਾਲਿਆਂ ਕੋਲ ਬਚੱਕੇ ਨ ਪਹੁੰਚ ਸਕਦਾ । ਸਅਦ ਬਿਨ ਮਆਜ਼ ਨੇ ਕਿਹਾ ਵਲੱਾਹ ਜੇਕਰ ਤੁਸੀਂ ਸਾਨੂੰ ਕਾਬੇ ਤੋਂ ਰੋਕਿਆ ਤਾਂ ਚੇਤੇ ਰੱਖਿਓ ਫਿਰ ਤੁਹਾਨੂੰ ਸ਼ਾਮ ਦੇਸ਼ ਦੇ ਮਾਰਗ ਉਪੱਰ ਅਮਨ ਨਹੀਂ ਮਿਲੇਗੇ ।

ਹਜ਼ਰਤ ਸਅਦ ਬਿਨ ਮਆਜ਼ ਬਦਰ ਦੀ ਜੰਗ, ਉਹਦ ਤੇ ਖੰਦਕ ਦੀ ਜੰਗ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਬਦਰ ਦੀ ਜੰਗ ਵਾਲੇ ਦਿਨ ਓਸ ਦਾ ਝੰਡਾ ਇਹਨਾ ਕੋਲ ਹੀ ਸੀ । ਬਦਰ ਦੀ ਜੰਗ ਸਮੇਂ ਹਜ਼ਰਤ ਸਅਦ ਬਿਨ ਮਆਜ਼ ਦਾ ਜੋਸ਼ ਤੇ ਭਾਵਨਾ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨਾਲ ਪ੍ਰੇਮ ਤੇ ਫ਼ਿਦਾ ਹੋਣ ਦਾ ਪ੍ਰਗਟਾਵਾ ਉਸ ਰਾਏ ਨਾਲ ਹੁੰਦਾ ਹੈ ਕਿ ਜੋ ਬਦਰ ਵਿੱਚ ਉਹਨਾ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਦਿੱਤੀ ਸੀ । ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਸਾਰਿਆਂ ਸਹਾਬੀਆਂ ਨੂੰ ਇਕਤੱਰ ਕਰਕੇ ਮੱਕੇ ਦੇ ਕੁਫ਼ਾਰਾਂ ਦੇ ਲਸ਼ਕਰ ਦੀ ਸੂਚਨਾ ਦਿੱਤੀ ਅਤੇ ਉਹਨਾ ਦਾ ਮਸ਼ਵਰਾ ਲਿਆ ਕਿ ਹੁਣ ਕੀ ਕਰਨਾ ਚਾਹੀਦਾ ਹੈ । ਕਈ ਸਹਾਬਾ ਨੇ ਅਰਜ਼ ਕੀਤੀ ਕਿ ਹੇ ਰਸੂਲੁਲੱਹ ਸਲਲੱਾਹੁ ਅਲੈਹਿ ਵਸਲਮ ਚੰਗਾ ਇਉਂ ਲਗੱਦਾ ਹੈ ਕਿ ਕਾਫ਼ਲੇ ਨਾਲ ਸਾਹਮਣਾ ਹੋਵੇ ਕਿਉਂਕਿ ਲਸ਼ਕਰ ਦੇ ਮੁਕਾਬਲੇ ਲਈ ਅਜੇ ਅਸੀਂ ਪੂਰੀ ਤਰ੍ਹਾਂ ਤਿਆਰ ਨਹੀਂ । ਪਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਇਸ ਰਾਏ

ਨੂੰ ਪਸੰਦ ਨਹੀਂ ਕੀਤਾ । ਦੂਜੇ ਪਾਸੇ ਵੱਡੇ ਵੱਡੇ ਸਹਾਬਾ ਨੇ ਇਹ ਮਸ਼ਵਰਾ ਸੁਣਿਆ ਤਾਂ ਉਠੱ ਉਠੱਕੇ ਜਾਨ ਨਿਛਾਵਰ ਕਰਨ ਦੇ ਭਾਸ਼ਣ ਦਿੱਤੇ ਕਿ ਸਾਡੀਆਂ ਜਾਨਾ ਤੇ ਮਾਲ ਸਭ ਕੁਝ ਰੱਬ ਦੇ ਹਨ । ਅਸੀਂ ਹਰ ਮੈਦਾਨ ਵਿੱਚ ਹਰ ਸੇਵਾ ਲਈ ਹਾਜ਼ਰ ਹਨ । ਸੋ, ਮਿਕਦਾਦ ਬਿਨ ਉਮਰੋ ਨੇ ਵੀ ਕਿਹਾ ਹੇ ਰਸੂਲੁਲੱਾਹ ! ਅਸੀਂ ਮੂਸਾ ਦੇ ਸਹਾਬਾ ਵਾਂਗ ਨਹੀਂ ਕਿ ਆਪ ਨੂੰ ਇਹ ਉਤੱਰ ਦੇਈਏ ਕਿ ਜਾ ਤੂੰ ਤੇਰਾ ਰੱਬ ਜਾਕੇ ਲੜੋ ਅਸੀਂ ਐਥੇ ਹੀ ਬੈਠੇ ਹਾਂ । ਸਗੋਂ ਅਸੀਂ ਤਾਂ ਇਹ ਕਹਿੰਦੇ ਹਾਂ ਕਿ ਆਪ ਜਿੱਥੇ ਵੀ ਚਾਹੁਣ ਲੈ ਚਲੱਣ ਅਸੀਂ ਆਪਦੇ ਨਾਲ ਹਨ ਅਤੇ ਅਸੀਂ ਆਪ ਦੇ ਸੱਜੇ ਤੇ ਖੱਬੇ ਅਤੇ ਅੱਗੇ ਤੇ ਪਿੱਛੇ ਹੋਕੇ ਲੜਾਂਗੇ । ਆਪ ਸਲਲੱਾਹੁ ਅਲੈਹਿ ਵਸਲਮ ਨੇ ਇਹ ਭਾਸ਼ਣ ਸੁਣਿਆ ਤਾਂ ਆਪਦਾ ਚਿਹਰਾ ਮੁਬਾਰਕ ਖ਼ੁਸ਼ੀ ਨਾਲ ਮਹਿਕ ਗਿਆ । ਪਰ ਇਸ ਮੌਕੇ'ਤੇ ਵੀ ਆਪ ਅੰਸਾਰ ਦੇ ਉਤੱਰ ਦੇ ਉਡੀਕਵਾਨ ਸਨ ਅਤੇ ਚਾਹੁੰਦੇ ਸਨ ਕਿ ਕੋਈ ਅੰਸਾਰੀ ਸਰਦਾਰ ਵੀ ਇਹੋ ਗਲੱਾਂ ਕਹੇ । ਸੋ, ਆਪ ਇਹੋ ਫ਼ਰਮਾਉਂਦੇ ਗਏ ਕਿ ਚੰਗਾ ਫਿਰ ਮੈਂਨੂੰ ਮਸ਼ਵਰਾ ਦਿਓ ਕਿ ਕੀਤਾ ਜਾਏ । ਸਅਦ ਬਿਨ ਮਆਜ਼ ਓਸ ਦੇ ਸਰਦਾਰ ਨੇ ਆਪ ਦੀ ਇਛੱਾ ਨੂੰ ਸਮਝਿਆ ਅਤੇ ਅੰਸਾਰ ਵੱਲੋਂ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ! ਸਾਇਦ ਆਪ ਸਾਡੀ ਰਾਏ ਪੁਛੱਦੇ ਹਨ । ਰੱਬ ਦੀ ਸਹੁੰ ਜੱਦ ਅਸੀਂ ਆਪ ਨੂੰ ਸਚੱਾ ਸਮਝਕੇ ਆਪ ਉਪੱਰ ਇਮਾਨ ਲੈ ਆਏ ਹਨ ਅਤੇ ਅਸੀਂ ਆਪਣਾ ਹੱਥ ਆਪ ਦੇ ਹੱਥ ਵਿੱਚ ਦੇ ਦਿਤੱਾ ਹੈ ਤਾਂ ਹੁਣ ਫਿਰ ਆਪ ਜਿੱਥੇ ਚਾਹੁਣ ਚਲੱਣ ਅਸੀਂ ਆਪਦੇ ਨਾਲ ਹਨ ਅਤੇ ਉਸ ਜ਼ਾਤ (ਰੱਬ) ਦੀ ਸਹੁੰ ਜਿਸਨੇ ਆਪਨੂੰ ਸਚੱਾਈ ਨਾਲ ਪ੍ਰਕਟ ਕੀਤਾ ਹੈ ਕਿ ਜੇਕਰ ਆਪ ਸਾਨੂੰ ਸਾਗਰ ਵਿੱਚ ਛਾਲ ਮਾਰਨ ਨੂੰ ਆਖਣਗੇ ਤਾਂ ਅਸੀਂ ਛਾਲ ਮਾਰ ਦਿਆਂਗੇ ਅਤੇ ਸਾਡੇ ਵਿੱਚੋਂ ਇਕ ਵਿਅਕਤੀ ਵੀ ਪਿੱਛੇ ਨਹੀਂ ਰਹੇਗਾ ਅਤੇ ਆਪ ਇਨਸ਼ਅਲੱਾਹ ਸਾਨੂੰ ਸਾਰਿਆਂ ਨੂੰ ਲੜਾਈ ਵਿੱਚ ਸਬਰ ਕਰਨ ਵਾਲਿਆਂ ਵਿੱਚੋਂ ਪਾਉਂਣਗੇ ਅਤੇ ਸਾਥੋਂ ਉਹ ਗੱਲ ਦੇਖਣਗੇ ਜੋ ਆਪ ਦੀਆਂ ਅਖੱਾਂ ਨੂੰ ਠੰਡਾ ਕਰੇਗੀ । ਆਪ ਨੇ ਇਹ ਭਾਸ਼ਣ ਸੁਣਿਆ ਤਾਂ ਬਹੁਤ ਖ਼ੁਸ਼ ਹੋਏ ਅਤੇ ਫ਼ਰਮਾਇਆ ਕਿ ਰੱਬ ਦਾ ਨਾਂ ਲੈਕੇ ਅੱਗੇ ਵਧੋ ਅਤੇ ਖ਼ੁਸ਼ ਹੋਵੋ ਕਿਉਂਕਿ ਰੱਬ ਨੇ ਮੇਰੇ ਨਾਲ ਵਾਦਾ ਕੀਤਾ ਹੈ ਕਿ ਕੁਫ਼ੱਾਰ ਦੇ ਇਹਨਾ ਦੋ ਜੱਥਿਆਂ ਅਰਥਾਤ ਲਸ਼ਕਰ ਅਤੇ ਕਾਫ਼ਲੇ ਵਿੱਚੋਂ ਕਿਸੇ ਇਕ ਜੱਥੇ ਉਪੱਰ ਉਹ ਸਾਨੂੰ ਜ਼ਰੂਰ ਜਿੱਤ ਪ੍ਰਦਾਨ ਕਰੇਗਾ ਅਤੇ ਰੱਬ ਦੀ ਸਹੁੰ ਮੈਂ ਸੰਭਵਤਾ ਇਸ ਸਮੇਂ ਉਹ ਥਾਵਾਂ ਦੇਖ ਰਿਹਾ ਹਾਂ ਜਿੱਥੇ ਦੁਸ਼ਮਣ ਦੇ ਆਦਮੀ ਕਤਲ ਹੋਕੇ ਡਿੱਗਣਗੇ ਅਤੇ ਫਿਰ ਅਜਿਹਾ ਹੀ ਹੋਇਆ ।

ਹਜ਼ੂਰ ਨੇ ਫ਼ਰਮਾਇਆ : ਅਜੇ ਇਹਨਾ ਦਾ ਜ਼ਿਕਰ ਚਲ ਰਿਹਾ ਹੈ ਬਾਕੀ ਇਨਸ਼ਾਅਲੱਾਹ ਆਉਂਦੇ ਖੁਤਬੇ ਵਿੱਚ ਬਿਆਨ ਕਰਾਂਗਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ
فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللہ اِنَّ اللّٰہَ یَأْمُرُ
بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 26.06.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131